ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ: ਮੁੱਖ ਇੰਜੀਨੀਅਰ/ਵਣਜ਼,ਪਟਿਆਲਾ

ਵਣਜ਼ ਗਸ਼ਤੀ ਪੱਤਰ ਨੰ: 19/2012

ਵੱਲ

ਸਾਰੇ ਇੰਜਨੀਅਰ-ਇਨ-ਚੀਫ/ਮੁੱਖ ਇੰਜਨੀਅਰਜ਼ / ਵੰਡ
ਅਧੀਨ ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ।

ਮੀਮੋ ਨੰ: 556/560 /DD/SR-33

ਮਿਤੀ: 9 .7.2012

ਵਿਸ਼ਾ: ਅਣਅਧੀਕਾਰਤ ਬਿਜਲੀ ਵਰਤੋਂ ਅਤੇ ਚੋਰੀ ਦੇ ਕੇਸਾਂ ਸਬੰਧੀ ਹਦਾਇਤਾਂ।

ਫੀਲਡ ਦਫਤਰਾਂ/ਇੰਨਫੋਰਸਮੈਂਟ ਵੱਲੋਂ UUE / Theft ਕੇਸ ਸਬੰਧੀ ਹਦਾਇਤਾਂ ਦੀ ਆਪਣੇ-ਆਪਣੇ ਤਰੀਕੇ ਨਾਲ interpretation ਕੀਤੇ ਜਾਣ ਕਾਰਨ ਆਮ ਲੋਕਾਂ / ਖਪਤਕਾਰਾਂ ਨੂੰ ਹੋ ਰਹੀਂ ਪ੍ਰੇਸ਼ਾਨੀ ਨੂੰ ਰੋਕਣ ਲਈ ਪੰਜਾਬ ਰਾਜ ਇਲੈਕਟਰੀਸਿਟੀ ਰੈਗੂਲੇਟਰੀ ਕਮਿਸ਼ਨ ਦੇ ਮੀਮੋ ਨੰ: 2965/ਪੀਐਸਈਆਰਸੀ-ਡੀਟੀ-71 ਮਿਤੀ 03.07.2012 ਰਾਹੀਂ ਮਿਲੀ ਮੰਨਜ਼ੂਰੀ ਮੰਗਰੋਂ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਦੀਆਂ ਹਨ:-

1) ਜੇਕਰ ਐਸ. ਪੀ. ਖਪਤਕਾਰਾਂ ਦਾ ਲੋਡ ਚੈਕਿੰਗ ਦੋਰਾਨ ਵਾਧੂ ਪਾਇਆ ਜਾਂਦਾ ਹੈ ਤਾਂ ਉਹਨਾਂ ਖਪਤਕਾਰਾਂ ਕੋਲੋ UUE ਦੇ ਅਧੀਨ ਰਕਮ ਵਸੂਲ ਨਹੀਂ ਕੀਤੀ ਜਾਵੇਗੀ ਪਰੰਤੂ ਲਾਗੂ ਸਡਿਊਲ ਆਫ ਟੈਰਿਫ ਅਨੁਸਾਰ (SIII.7) ਬਣਦੀ ਕਾਰਵਾਈ ਕੀਤੀ ਜਾਵੇਗੀ।

2) ਜੇਕਰ ਐਮ. ਐਸ. ਖਪਤਕਾਰਾਂ ਦਾ ਲੋਡ ਚੈਕਿੰਗ ਦੋਰਾਨ ਵਾਧੂ ਪਾਇਆ ਜਾਂਦਾ ਹੈ ਤਾਂ ਉਹਨਾਂ ਖਪਤਕਾਰਾਂ ਕੋਲੋ UUE ਦੇ ਅਧੀਨ ਰਕਮ ਵਸੂਲ ਨਹੀਂ ਕੀਤੀ ਜਾਵੇਗੀ ਪਰੰਤੂ ਲਾਗੂ ਸਡਿਊਲ ਆਫ ਟੈਰਿਫ ਅਨੁਸਾਰ (SII.8) ਬਣਦੀ ਕਾਰਵਾਈ ਕੀਤੀ ਜਾਵੇਗੀ।

3) ਜੇਕਰ ਕੋਈ ਇੰਡਸਟਰੀਅਲ ਖਪਤਕਾਰ ਆਪਣੀ ਇੰਡਸਟਰੀ ਦੀ ਕਿਸਮ ਭਾਵ ਰਾਇਸ ਸੈਲਰ ਤੋਂ ਕੋਟਨ ਜਿਨਿੰਗ ਆਦਿ ਵਿਚ ਬਦਲ ਲੈਂਦਾ ਹੈ ਪਰੰਤੂ ਖਪਤਕਾਰ ਪ੍ਰਦੂਸ਼ਣ ਬੋਰਡ ਦੀਆਂ ਹਦਾਇਤਾਂ ਅਨੁਸਾਰ Non-polluting ਕੈਟਾਗਿਰੀ ਤੋਂ polluting ਕੈਟਾਗਿਰੀ ਵਿਚ ਨਹੀਂ ਜਾਂਦਾ ਤਾਂ ਉਸਨੂੰ UUE ਨਹੀਂ ਮੰਨਿਆ ਜਾਵੇਗਾ।

4) ਜੇਕਰ ਕੋਈ ਇੰਡਸਟਰੀਅਲ ਖਪਤਕਾਰ Non-polluting ਕੈਟਾਗਿਰੀ ਤੋਂ polluting ਕੈਟਾਗਿਰੀ ਵਿਚ ਜਾਂਦਾ ਹੈ ਤਾਂ ਉਸ ਨੂੰ UUE ਅਧੀਨ ਨਹੀਂ ਮੰਨਿਆ ਜਾਵੇ ਪਰੰਤੂ ਉਸਨੂੰ 7 ਦਿਨਾਂ ਦੇ ਅੰਦਰ ਅੰਦਰ ਆਪਣੀ ਇੰਡਸਟਰੀ ਦੀ ਕਿਸਮ polluting ਕੈਟਾਗਿਰੀ ਵਿਚ ਰੈਗੂਲਰ ਕਰਵਾਉਣ ਸਬੰਧੀ ਪੀ.ਪੀ.ਸੀ.ਬੀ. ਦੇ ਐਨ.ਓ.ਸੀ. ਸਮੇਤ ਬਾਕੀ ਕਾਰਵਾਈਆਂ ਪੂਰੀਆਂ ਕਰਨ ਲਈ ਜਾਂ polluting ਲੋਡ ਹਟਾਉਣ ਲਈ ਲੋੜੀਦਾ ਨੋਟਿਸ ਜਾਰੀ ਕੀਤਾ ਜਾਵੇ ਅਤੇ ਨੋਟਿਸ ਦੀ ਪਾਲਣਾ ਨਾ ਕਰਨ ਦੀ

ਅਗਲਾ ਪੰਨਾ..2

ਸੂਰਤ ਵਿਚ ਬਿਨੈਕਾਰ ਦਾ ਕੁਨੈਕਸ਼ਨ ਬਿਨਾਂ ਕੋਈ ਹੋਰ ਮੌਕਾ ਦਿੱਤੇ ਕੱਟ ਦਿੱਤਾ ਜਾਵੇ ਅਤੇ ਨੋਟਿਸ ਦੀ ਪਾਲਣਾ ਕਰਨ ਉਪਰੰਤ ਹੀ ਕੁਨੈਕਸ਼ਨ ਚਾਲੂ ਕੀਤਾ ਜਾਵੇ।

5) ਜੇਕਰ ਕੋਈ ਖਪਤਕਾਰ ਉਸੇ ਅਹਾਤੇ ਵਿਚ ਆਪਣਾ ਕੁਨੈਕਸ਼ਨ ਕੁੱਝ ਜਰੂਰੀ ਕਾਰਨਾਂ ਕਰਕੇ ਕੁੱਝ ਸਮੇਂ ( Temporary basis ) ਲਈ ਕਿਸੇ ਦੂਸਰੀ ਪਾਰਟੀ ਨੂੰ ਵਰਤੋਂ ਲਈ ਦਿੰਦਾ ਹੈ ਅਜਿਹੇ ਕੇਸਾਂ ਨੂੰ UUE ਨਹੀਂ ਮਨਿਆ ਜਾਵੇਗਾ। ਪਰੰਤੂ ਇਸ ਲਈ ਲੋੜੀਂਦੀ ਮੰਨਜੂਰੀ ਪੀਐਸਪੀਸੀਐਲ ਦੇ ਸਬੰਧਤ ਦਫਤਰ ਵੱਲੋਂ ਜਾਰੀ ਹਦਾਇਤਾਂ ਮੁਤਾਬਿਕ ਲੈਣੀ ਜ਼ਰੂਰੀ ਹੋਵੇਗੀ ।

6) ਜੇਕਰ ਕੋਈ ਖਪਤਕਾਰ ਆਪਣਾ Non power intensive ਕੁਨੈਕਸ਼ਨ ਦੀ ਵਰਤੋਂ power intensive ਕਿਸਮ ਲਈ ਕਰਦਾ ਹੈ ਤਾਂ ਉਸ ਵਿਰੁੱਧ UUE ਦੀ ਹਦਾਇਤਾਂ ਅਧੀਨ ਕਾਰਵਾਈ ਕੀਤੀ ਜਾਵੇ।

7) ਜੇਕਰ ਕੋਈ ਖਪਤਕਾਰ ਆਪਣਾ ਅਹਾਤੇ ਵਿਚ phase shifter ਦੀ ਵਰਤੋਂ ਕਰਦਾ ਪਕੜਿਆ ਜਾਂਦਾ ਹੈ ਉਸਨੂੰ UUE ਦਾ ਕੇਸ ਨਹੀਂ ਮੰਨਿਆ ਜਾਵੇਗਾ।

8) ਜੇਕਰ ਕੋਈ ਖਪਤਕਾਰ ਕਿਸੇ ਹੋਰ ਅਹਾਤੇ ਨੂੰ ਆਪਣੇ ਮੰਨਜੂਰ ਸੁਦਾ ਕੁਨੈਕਸ਼ਨ ਤੋਂ ਬਿਜਲੀ ਦਿੰਦਾ ਹੈ ਤਾਂ ਉਸ ਵਿਰੁੱਧ UUE ਦੀਆਂ ਹਦਾਇਤਾਂ ਅਧੀਨ ਕਾਰਵਾਈ ਕੀਤੀ ਜਾਵੇ।

9) ਜੇਕਰ ਕਿਸੇ NRS ਕੁਨੈਕਸ਼ਨ ਵਾਲੇ ਖਪਤਕਾਰ ਵੱਲੋਂ ਕਿੱਤੇ ਦੀ ਕਿਸਮ ਟੈਰਿਫ ਦੀ ਉਸੇ ਸ੍ਰੇਣੀ ਵਿਚ ਰਹਿੰਦੇ ਹੋਏ ਬਦਲ ਲਈ ਜਾਂਦੀ ਹੈ ਜਾਂ ਕੁਨੈਕਸ਼ਨ ਦੀ ਵਰਤੋਂ ਰਿਹਾਇਸ਼ ਲਈ ਕੀਤੀ ਜਾਂਦੀ ਹੈ ਇਹੋ ਜਿਹੇ ਕੇਸਾਂ ਵਿਚ UUE ਅਧੀਨ ਕਾਰਵਾਈ ਨਾ ਕੀਤੀ ਜਾਵੇ।

10) ਜੇਕਰ ਕੋਈ ਖਪਤਕਾਰ ਆਪਣੇ ਰਿਹਾਇਸੀ / ਗੈਰ ਰਿਹਾਇਸੀ ਕੈਟਾਗਿਰੀ ਦੇ ਕੁਨੈਕਸ਼ਨ ਦੀ ਵਰਤੋਂ ਇੰਡਸਟਰੀ ਲਈ ਕਰਦਾ ਹੈ ਤਾਂ ਉਸਨੂੰ UUE ਦਾ ਕੇਸ ਮੰਨਿਆ ਜਾਵੇਗਾ। ਇਸੇ ਤਰ੍ਹਾਂ ਜੇਕਰ ਇੰਡਸਟਰੀਅਲ ਕੁਨੈਕਸ਼ਨ ਦੀ ਵਰਤੋਂ ਫੈਕਟਰੀ ਵਿਚ ਸਥਿਤ ਸਟਾਫ ਦੇ ਕੁਆਟਰ , ਸਟਰੀਟ ਲਾਈਟ ਆਦਿ ਲਈ ਕਰਦਾ ਹੈ ਤਾਂ ਇਸਨੂੰ UUE ਨਹੀਂ ਮੰਨਿਆ ਜਾਵੇ, ਪਰੰਤੂ ਜੇਕਰ ਇੰਡਸਟਰੀਅਲ ਕੁਨੈਕਸ਼ਨ ਦੀ ਵਰਤੋਂ ਕਿਸੇ ਹੋਰ ਮੰਤਵ ਲਈ ਜਿਵੇਂ ਕਿ ਕੁਨੈਕਸ਼ਨ ਵਾਲੇ ਅਹਾਤੇ ਨੂੰ partly or wholly ਰਿਹਾਇਸੀ ਕਲੋਨੀ ਅਤੇ / ਜਾਂ ਸੋਪਿੰਗ ਕੰਪਲੈਕਸ / ਮਾਲ ਵਿੱਚ ਤਬਦੀਲ ਕਰਕੇ ਵਰਤਦਾ ਹੈ ਤਾਂ ਇਸ ਨੂੰ UUE ਦਾ ਕੇਸ ਮੰਨਿਆ ਜਾਵੇਗਾ।

ਉਪਰੋਕਤ ਹਦਾਇਤਾਂ ਦੀ ਫੀਲਡ ਦਫਤਰਾਂ ਵੱਲੋਂ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

ਉਪ ਮੁੱਖ ਇੰਜ:/ਸੇਲਜ-1
ਪੀ.ਐਸ.ਪੀ.ਸੀ.ਐਲ., ਪਟਿਆਲਾ।

ਪਿੱਠ ਅੰਕਣ ਨੰ:/ 561 /595 DD/SR-33 ਮਿਤੀ: 9 / 7/2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ, ਪਟਿਆਲਾ।
2) ਸਾਰੇ ਨਿਰਦੇਸ਼ਕ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ, ਪਟਿਆਲਾ।
3) ਵਿੱਤ ਕਮਿਸ਼ਨਰ / ਫਾਇਨਾਸ ਟੂ ਗੋਰਮਿੰਟ ਪੰਜਾਬ ਐਕਸ ਆਫੀਸੋ ਮੈਂਬਰ, ਪੀ.ਐਸ.ਈ.ਆਰ.ਸੀ, ਚੰਡੀਗੜ੍ਹ।
4) ਸਕੱਤਰ / ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।

ਤਰਤਾ ਪੰਨਾ.. 3

5) ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
6) ਪ੍ਰੈਜ਼ੀਡੈਂਟ,ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) SCO ਨੰ: 3009-10, Sec-22, ਚੰਡੀਗੜ੍ਹ।
7) ਮੁੱਖ ਇੰਜੀਨੀਅਰ / ਚੇਅਰਮੈਨ (ਫੋਰਮ), ਪੀ.-1, ਵਾਈਟ ਹਾਊਸ, ਰਾਜਪੁਰਾ ਕਲੋਨੀ, ਪਟਿਆਲਾ।
8) ਸਕੱਤਰ, ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, SCO.ਨੰ: 220-221, ਸੈਕਟਰ-34 ਏ, ਚੰਡੀਗੜ੍ਹ।
9) Ombudsman, Electricity Punjab 66 KV Grid Sub Stn., Plot no. A-2, Industrial Area, Phase-1, SAS Nagar (Mohali)-160055
10) ਨਿੱਜੀ ਸਕੱਤਰ ਟੂ ਬਿਜਲੀ ਮੰਤਰੀ, ਪੰਜਾਬ ਸਿਵਲ ਸਕੱਤਰੇਤ ਪੰਜਾਬ ਸਰਕਾਰ ਚੰਡੀਗੜ੍ਹ।
11) ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ
12) ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡੀਸਟਰੀਜ਼ ਪੰਜਾਬ Sec-17, ਚੰਡੀਗੜ੍ਹ।
13) ਐਸ.ਈ. / ਆਈ.ਟੀ., ਪੀ.ਐਸ.ਪੀ.ਸੀ.ਐਲ.,ਪਟਿਆਲਾ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈਬ ਸਾਈਟ ਤੇ ਅਪਲੋਡ ਕਰਨ ਹਿੱਤ।
14) Dy.CE/Sales-I, Dy.CE/Sales-2 and Dy.CE/Billing, PSPCL
15) All Addl SEs / Sr.Xens / AEEs under Commercial organization, PSPCL

ਵਧੀਕ ਨਿਗ:ਇੰਜ: / ਐਸ.ਆਰ,
ਵਾ: ਮੁੱਖ ਇੰਜੀਨੀਅਰ / ਵਣਜ,
ਪੀ.ਐਸ.ਪੀ.ਸੀ.ਐਲ.,ਪਟਿਆਲਾ।